ISSN : 2229-7227

'Chintan' Research Journal is a quarterly peer reviewed publication of Acharya Academy listed at : Ulrich's periodicals Directory ProQuest. U.S.A., Copernicus Poland, Research Bib, Japan and UGC New Delhi is acceptable for publication including original research papers, review research papers and all publication becomes the property of the journal.

प्रकाशक

आचार्य अकादमी

आचार्य (डॉ.) शीलक राम

ग्राम+पत्रालय–चुलियाणा रोहज

जिला–रोहतक, (हरियाणा), भारत

पिन-124501

मो. 9992885894, 9813013065, 8901013065

e-mail : shilakram9@gmail.com

jangratoday@gmail.com

www.chintanresearchjournal.com

चिन्तन

Year : 9

Issue : 34 (Part-II)

Year : 9

Issue : 34 (Part-II)

April-June 2019

www. chintanresearchjournal.com

Impact Factor : 4.012

International Refereed

# चिन्तन रिसर्च जर्नल

# Chintan Research Journal

(कला, साहित्य, मानविकी, समाज–विज्ञान, विधि, प्रबंधन, वाणिज्य एवं विज्ञान विषयों पर केंद्रित)

(Indexed & Listed at : Ulrich's Periodicals Directory ©, ProQuest . U.S.A.)

(Indexed & Listed at : Copernicus, Poland)

(Indexed & Listed at : Research Bib, Japan)

(UGC Approved List No. 41243)

संपादक

आचार्य ( डॉ. ) शीलक राम

यावत् जीवेत् सुखं जीवेत्

**आचार्य अकादमी**

**भारत**

**ISO 9001:2008**

हिन्दी का अन्तर्राष्ट्रीय स्वरूप
रोहतारा
मोहन राकेश के नाटकों में सामाजिक संदर्भ में नारी विमर्श 239-241
कृष्णा
हिन्दी सिनेमा : हिन्दी साहित्य की रचना एवं चित्राकृति 242-244
डॉ० जया दारोंडे
Corporate Social Responsibility: Environmental Impact 245-249
Ramanjeet Kaur
The Message of SRI Ramakrishna Paramahansa and its Significance in the Modern Times 250-256
Raj Kumar Singh, Prof. Pardeep Kumar
Calculus 257-260
Jatinder Singh Dhaliwal
शिक्षा का अधिकार: महत्व, भूमिकां और उपलब्धियाँ 261-264
ज्योत्सना राठौड
Illegal Immigration: Is Terrorism the real threat? 265-271
Yashdeep Nain
The Necessity of "Kirttan" in Our Life with Special Reference to "Mahamantras" 272-280
Rojalin Swain
History of Mathematics 281-283
Jatinder Singh
Holocaust: Loss of Faith and Humanity in Elie Wiesel's Night 284-286
Deepa Rani
Rabindranath Tagore's Concept of Freedom and Salvation : A Philosophical Perspective 287-291
Manjit Kaur
Effects of Globalization on National Security 292-297
Ravina
Social realism in Mulk Raj Anand's Untouchable and Coolie 298-302
Savita
Religion-Based Party Ideologies in Secular Democracies: A Comparative Perspective 303-306
Sunila Datta
माखनलाल चतुर्वेदी के काव्य में राष्ट्रीय चेतना की ऐतिहासिकता 307-317
राजदीप कौर
झवेरचन्द मेघाणी के काव्य में राष्ट्रीय चेतना की अभिव्यक्ति 318-322
रेनू
सवांखें कहानी... अनुभूति से स्वानुभूति तक 323-326
शैलेन्द्र सिंह दूहन
शकुन्तला 327-337
सुषमा
ਅਸਤਿਤ੍ਵਵਾਦੀ ਦਰਸ਼ਨ ਦਾ ਰੁਝਾਨ ਅਤੇ ਇਸਦੇ ਪ੍ਰਮੁੱਖ ਵਿਦਵਾਨ 338-342
ਡਾ. ਗੁਰਜਿੰਦਰ ਕੌਰ
343-346
ਕਬੀਰ ਬਾਣੀ: ਧਾਰਮਿਕ ਅਤੇ ਸਮਾਜਿਕ ਪੱਖ
ਸਰਵਜੀਤ ਸਿੰਘ
347-353

संस्कृत तथा मगही का अन्तःसंबंध
स्वयंप्रभा 354-36
गढ़वाल हिमालय की श्रीनगर घाटी में पेयजल के स्रोत एवं गुणवत्ता
शैफाली भण्डारी 365-373
भारतेन्दु के संस्कृत नाट्यानुवाद
डॉ. मकरंद भट्टसह, दिशा पारीक 374-376
गज़ल का विश्वविद्यालय-उस्ताद मेहदी हसन
डॉ. दीपेश कुमार विश्नावत 377-379
श्रीमद्भगवद्गीतायां निष्कामकर्मयोग:
विकास: कुमार: मीना 380-383
भर्तृहरिमते मोक्षस्वरूपम्
चन्द्रकला 384-386
तुलनात्मक साहित्य : अर्थ एवं महत्व
डॉ० जोतिमय बाग 387-388
भारतीय शिक्षा व्यवस्था प्रणाली पर औपनिवेशिक शासन का प्रभाव
डॉ० मनु यादव 389-395
ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਨੈਤਿਕਤਾ ਦਾ ਸੰਕਲਪ
ਅਸਿਸਟੈਂਟ ਪ੍ਰੋ. ਮਨਜੀਤ ਕੌਰ 396-399
ਗੁਰੂ ਅਰਜਨ ਦੇਵ ਜੀ ਦਾ ਜੀਵਨ 400-403
ਅਸਿਸਟੈਂਟ ਪ੍ਰੋ. ਰੁਪਿੰਦਰ ਕੌਰ
ਰਾਜਸਥਾਨੀ ਲੋਕਗੀਤਾਂ ਵਿਚ ਪ੍ਰਕਿਰਤੀ ਚਿਤਰਣ 404-407
ਅਭੈ ਸਿੰਘ
ਕਰਮਜੀਤ ਸਿੰਘ ਕੁੱਸਾ ਦੇ ਨਾਵਲਾਂ ਵਿੱਚ ਵਰਗ-ਵੰਡ ਦੀ ਪੇਸ਼ਕਾਰੀ 408-412
ਸ਼੍ਰੀਮਤੀ ਜਸਲੀਨ ਕੌਰ
The Nature and Classifications of Dharma
Dr. Monoranjan Das 413-417
Homelessness in India: An Underrated problem
Prof. (Dr.) M. Vishwakarma, Diksha Singh 418-425
Swami Vivekanand's Ideas Towards Women'
Surender Kumar 426-429
भारतीय समाज और कृष्णा सोबती के नारी पात्र
सुप्रिया सिंह 430-435
स्वातंत्र्योत्तर भारत में मुस्लिम समाज
डॉ० विजयन्ती 436-440
गुरु नानक देव जी का भक्तियुगीन मानवतावादी दर्शन
अनिल 441-445
जनसंचार माध्यमों का संगीत के प्रचार-प्रसार में योगदान
सुरेश कुमार दुग्गल, डॉ. नीतू वर्मा 450-457
ਬਹੁ-ਪਾਸਾਰੀ ਅਤੇ ਦੂਰ-ਅੰਦੇਸ਼ੀ ਵਿਚਾਰਧਾਰਾ ਦੇ ਮਾਲਕ ਅਕਾਲੀ ਕੌਰ ਸਿੰਘ ਨਿਹੰਗ
ਸਰਬਵੀਰ ਸਿੰਘ 458-462


Scanned with OKEN Scanner

354-364

365-373

महाभारतम्, 1.3.38

अभिज्ञानशाकुन्तलम्, 1.15

9. अभिज्ञानशाकुन्तलम्, 1.17

10. अभिज्ञानशाकुन्तलम्, 1.22

11. अभिज्ञानशाकुन्तलम्, प्रथम अंक गद्यांश

12. अभिज्ञानशाकुन्तलम्, 4.9

13. अभिज्ञानशाकुन्तलम्, 4.5

14. अभिज्ञानशाकुन्तलम्, 4.12

15. अभिज्ञानशाकुन्तलम्, 4.14

16. अभिज्ञानशाकुन्तलम्, 4.16

17. अभिज्ञानशाकुन्तलम्, अंक 4, गद्यांश

18. अभिज्ञानशाकुन्तलम्, 4.13

19. मनुस्मृति, 3.21



International Refereed

Impact Factor : 4.012

'चिन्तन' अन्तरराष्ट्रीय रिसर्च जर्नल (ISSN : 2229-7227)

वर्ष 9, अंक 34(II) (पृ.सं. 343-346)

विक्रमी सम्वत्: 2077 (अप्रैल-जून 2019)

# ਅਸਤਿਤ੍ਵਵਾਦੀ ਦਰਸ਼ਨ ਦਾ ਰੁਝਾਨ ਅਤੇ ਇਸਦੇ ਪ੍ਰਮੁੱਖ ਵਿਦਵਾਨ

ਡਾ. ਗੁਰਜਿੰਦਰ ਕੌਰ

ਸਹਾਇਕ ਪ੍ਰੋਫ਼ੈਸਰ

ਸ੍ਰੀ ਗੁਰੂ ਨਾਨਕ ਗਰਲਜ਼ ਕਾਲਜ

ਸੰਤਪੁਰਾ (ਯਮੁਨਾਨਗਰ)

ਸ਼ੋਧ ਆਲੇਖ ਸਾਰ

ਵਿਸ਼ਵ-ਪੱਧਰ ਤੇ ਸਾਹਿਤ ਤੇ ਕਲਾ ਦੇ ਖੇਤਰ ਵਿਚ ਆਪਣਾ ਯੋਗਦਾਨ ਪਾਉਣ ਵਾਲੇ ਵਾਦਾਂ ਵਿਚੋਂ ਅਸਤਿਤ੍ਵਵਾਦ ਦਾ ਵੀ ਬੋਲਬਾਲਾ ਰਿਹਾ। ਪੰਜਾਬੀ ਸਾਹਿਤ ਨੇ ਵੀ ਇਸ ਵਿਚ ਆਪਣਾ ਬਣਦਾ ਯੋਗਦਾਨ ਪਾਇਆ । ਵਿਸ਼ਵ ਪੱਧਰ ਤੇ ਇਹ ਪ੍ਰਵਿਰਤੀ ਦੋ ਕੁ ਦਹਾਕਿਆ ਤੋਂ ਵੱਧ ਚਰਚਿਤ ਨਾ ਰਹਿ ਸਕੀ। ਸਾਰਤ੍ਰ ਦੀਆਂ ਅਸਤਿਤ੍ਵ ਦੇ ਦੁਆਲੇ ਖਿੱਚੀਆਂ ਸੀਮਾਵਾਂ ਨੇ ਇਸ ਨੂੰ ਬੇਹਦ ਵਿਵਾਦਗ੍ਰਸਤ ਬਣਾ ਦਿੱਤਾ।

ਮੁੱਖ ਸ਼ਬਦ : ਯਥਾਰਥਵਾਦ, ਰੁਮਾਂਸਵਾਦ, ਪ੍ਰਗਤੀਵਾਦ, ਮਾਰਕਸਵਾਦ ।

ਵਿਸ਼ਵ ਪੱਧਰ ਦੇ ਸਾਹਿਤ ਵਿਚ ਸਮੇਂ-ਸਮੇਂ ਕਲਾ ਚਿੰਤਨ ਦੇ ਇਤਿਹਾਸ ਵਿਚ ਵਿਭਿੰਨ ਵਾਦ ਵਿਕਾਸ ਕਰਦੇ ਰਹੇ ਅਤੇ ਲੋਪ ਵੀ ਹੁੰਦੇ ਰਹੇ। ਕਦੇ ਆਦਰਸ਼ਵਾਦ, ਕਦੇ ਯਥਾਰਥਵਾਦ, ਰੁਮਾਂਸਵਾਦ, ਪ੍ਰਗਤੀਵਾਦ ਅਤੇ ਮਾਰਕਸਵਾਦ ਆਦਿ ਕਲਾਤਮਕ ਸਿਰਜਨ ਤੇ ਚਿੰਤਨ ਦੇ ਖੇਤਰ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹ ਵਾਦ ਆਮ ਤੌਰ ਤੇ ਕਿਸੇ ਪੂਰਵਲੀ ਚਿੰਤਨ ਪੱਧਤੀ ਦੇ ਪ੍ਰਤਿਕਰਮ ਜਾਂ ਵਿਰੋਧ ਵਿਚ ਹੋਂਦ ਵਿਚ ਆਏ ਅਤੇ ਇਕ ਸੁਗਠਿਤ ਲਹਿਰ ਵਜੋਂ ਪ੍ਰਫੁਲਿਤ ਵੀ ਹੁੰਦੇ ਰਹੇ। ਸਮੇਂ ਦੀ ਮੰਗ ਅਨੁਸਾਰ ਰਚਿਆ ਜਾਂਦਾ ਸਾਹਿਤ ਕੁਦਰਤੀ ਤੌਰ ਤੇ ਇਹਨਾਂ ਵਾਦਾਂ ਤੋਂ ਪ੍ਰਭਾਵਿਤ ਵੀ ਹੁੰਦਾ ਰਿਹਾ । ਇਕ ਲਹਿਰ ਵਜੋਂ ਇਹਨਾਂ ਵਾਦਾਂ ਦਾ ਜੋਰ ਇਕ ਨਿਸ਼ਚਿਤ ਅਰਸੇ ਤੋਂ ਬਾਅਦ ਕੁਦਰਤੀ ਤੌਰ ਤੇ ਮੱਧਮ ਵੀ ਪੈ ਜਾਂਦਾ ਅਤੇ ਫਿਰ ਇਹਨਾਂ ਦੇ ਵਿਰੋਧ, ਪ੍ਰਤੀਕਰਮ ਵਿਚ ਕੋਈ ਨਵਾਂ ਵਾਦ ਜੋਰ ਫੜ੍ਹ ਲੈਂਦਾ ਸੀ ਪਰੰਤੂ ਇਹਨਾਂ ਵਾਦਾਂ ਦੀ ਇਹ ਸਫ਼ਲਤਾ ਕਹੀ ਜਾ ਸਕਦੀ ਹੈ ਕਿ ਇਹਨਾਂ ਵਾਦਾਂ ਦੇ ਪ੍ਰਭਾਵ ਦੀ ਸੁਰ ਲੰਮੇ ਸਮੇਂ ਬਾਅਦ ਵੀ ਸੁਣਾਈ ਦਿੰਦੀ ਹੈ।

ਇਹਨਾਂ ਵਿਚ ਕੁਝ ਅਜਿਹੇ ਵਾਦ ਵੀ ਹਨ ਜੋ ਕਿਸੇ ਵਿਚਾਰਧਾਰਾ ਉਤੇ ਨਹੀਂ ਸਗੋਂ ਜੀਵਨ ਦ੍ਰਿਸ਼ਟੀ ਉਤੇ ਆਧਾਰਿਤ ਹਨ। ਇਹਨਾਂ ਵਾਦਾਂ ਦੀ ਸਥਿਰਤਾ ਕਿਸੇ ਨਿਸ਼ਚਿਤ ਕਾਲ ਬਿੰਦੂ ਤਕ ਸੀਮਿਤ ਨਹੀਂ ਰਹੀ ਸਗੋਂ ਸਾਹਿਤ ਦੇ ਹਰੇਕ ਕਾਲ ਵਿਚ ਕਾਇਮ ਰਹਿੰਦੀ ਹੈ। ਆਦਰਸ਼ਵਾਦ, ਯਥਾਰਥਵਾਦ, ਰੁਮਾਂਸਵਾਦ ਅਤੇ ਪ੍ਰਗਤੀਵਾਦ ਆਦਿ ਦੀ ਤਰ੍ਹਾਂ ਮਾਨਵ ਦਰਸ਼ਨ ਦੇ ਇਤਿਹਾਸ ਵਿਚ ਅਸਤਿਤ੍ਵਵਾਦ ਦਾ ਵੀ ਗੌਰਵਮਈ ਸਥਾਨ ਹੈ। ''ਬਹੁਤੀ ਲੰਮੀ ਉਮਰ ਨਾ ਹੋਣ ਦੇ ਬਾਵਜੂਦ ਵੀ ਅਸਤਿਤ੍ਵਵਾਦੀ ਲਹਿਰ ਨੇ ਸਾਹਿਤ ਅਤੇ ਕਲਾ ਦੇ ਖੇਤਰ ਵਿਚ ਚਿਰ-ਸਥਾਈ ਪ੍ਰਭਾਵ ਸਥਾਪਿਤ ਕਰਨ ਵਿਚ ਕਾਮਯਾਬੀ ਹਾਸਿਲ ਕੀਤੀ ਅਤੇ ਇਸ ਦੁਆਰਾ ਸਥਾਪਤ ਕੀਤੀਆਂ ਗਈਆਂ ਸਥਾਪਨਾਵਾਂ ਦਾ ਵਿਕਾਸ ਤੇ ਵਿਸਥਾਰ ਸਮੇਂ-ਸੁਮੇਂ ਕਲਾ ਚਿੰਤਨ ਵਿਚ ਦ੍ਰਿਸ਼ਟੀਗੋਚਰ ਹੁੰਦਾ ਰਿਹਾ ।''[1]

20ਵੀ ਸਦੀ ਦੇ ਪਹਿਲੇ ਅੱਧ ਵਿਚ ਅਸਤਿਤ੍ਵਵਾਦੀ ਵਿਚਾਰਧਾਰਾ ਨੇ ਸਾਹਿਤ ਅਤੇ ਦਰਸ਼ਨ ਸ਼ਾਸਤਰ ਉਤੇ ਸਭ ਤੋਂ ਵੱਧ ਪ੍ਰਭਾਵ ਪਾਇਆ । ''ਅੰਗਰੇਜੀ ਵਿਚ ਇਸਨੂੰ Existentialism ਕਿਹਾ ਜਾਂਦਾ ਹੈ। ਇਸ ਨੂੰ ਇਕ ਬਹੁ ਚਰਚਿਤ ਵਿਚਾਰਧਾਰਾ ਬਣਾਉਣ ਵਿਚ ਸਭ ਤੋਂ ਵੱਧ ਯੋਗਦਾਨ Jean Paul Saitre ਨੇ ਪਾਇਆ। ਇਸ ਤੋਂ ਛੁੱਟ ਇਸ ਵਿਚਾਰਧਾਰਾ ਦਾ ਇਕ ਹੋਰ ਪ੍ਰਵਰਤਕ ਡੈਨਮਾਰਕ ਦਾ ਇਕ ਦਾਰਸ਼ਨਿਕ ਸੋਰੇਨ ਕਿਰਕੇਗਾਰਦ ਨੂੰ ਵੀ ਮੰਨਿਆ ਜਾਂਦਾ ਹੈ।''[2] ''ਅਸਤਿਤ੍ਵਵਾਦ ਕੋਈ ਖਾਲਸ ਵਾਦ ਨਹੀਂ ਇਹ ਮਿਲਿਆ ਜੁਲਿਆ ਵਾਦ ਹੈ। ਇਸ ਵਿਚ ਯਥਾਰਥਵਾਦ ਅਤੇ ਰੂਪਵਾਦ ਦੇ ਮਿਲੇ-ਜੁਲੇ ਅੰਸ਼ ਦੇਖੇ ਜਾ ਸਕਦਾ ਹਨ।''[3]

ਭਾਰਤ ਨਾਲੋਂ ਪੱਛਮ ਦੇ ਵਿਦਵਾਨਾਂ ਨੇ ਅਸਤਿਤ੍ਵਵਾਦ ਦਾ ਪ੍ਰਚਾਰ ਵਧੇਰੇ ਕੀਤਾ ਹੈ। ਅਸਤਿਤ੍ਵਵਾਦ ਲਈ ਇਹ ਕਿਹਾ ਜਾਂਦਾ ਹੈ ਕਿ ਇਸਦਾ ਅਜੇਹਾ ਕੋਈ ਵੀ ਸਾਂਝਾ ਸਿਧਾਂਤ ਨਹੀਂ ਜਿਸਦਾ ਸਾਰੇ ਚਿੰਤਕ ਸਮਰਥਨ ਕਰਦੇ ਹੋਣ। ਇਸ ਵਾਦ ਦਾ ਆਰੰਭ ਪ੍ਰਕਿਰਤੀ ਤੋਂ ਨਾ ਹੋ ਕੇ ਮਨੁੱਖ ਤੋਂ ਹੁੰਦਾ ਹੈ ਅਤੇ ਇਸਦਾ ਆਰੰਭ ਚਿੰਤਨ ਮਨਨਸ਼ੀਲ ਮਨੁੱਖ ਨਾਲੋਂ ਵਧੇਰੇ ਅਸਤਿਤ੍ਵਸ਼ੀਲ ਮਨੁੱਖ ਤੋਂ ਹੁੰਦਾ ਹੈ। ਇਸ ਵਾਦ ਦੇ ਚਿੰਤਕ ਕੁਝ ਵਿਸ਼ਿਆਂ ਪ੍ਰਤੀ ਖਾਸ ਮੋਹ ਦਿਖਾਉਂਦੇ ਹਨ ਜੋ ਦਾਰਸ਼ਨਿਕਾਂ ਦੀ ਦਿਲਚਸਪੀ ਦੇ ਵਿਸ਼ਿਆਂ ਨਾਲੋਂ ਭਿੰਨ ਹੁੰਦੇ ਹਨ। ਆਜ਼ਾਦੀ, ਨਿਰਣਾ ਅਤੇ ਜਿੰਮੇਵਾਰੀ ਆਦਿ ਸਾਰੇ ਹੀ ਵਿਸ਼ੇ ਅਸਤਿਤ੍ਵਵਾਦੀ ਦਾਰਸ਼ਨਿਕਾਂ ਦੁਆਰਾ ਵਿਸ਼ੇ ਬਣਾਏ ਜਾਂਦੇ ਰਹੇ। ਇਸ ਤੋਂ ਛੁੱਟ ਸਮੀਪਤਾ, ਗੁਨਾਹ, ਵਿਸੰਗਤੀ, ਨਿਰਾਸਤਾ ਅਤੇ ਮੌਤ ਆਦਿ ਵਿਸ਼ਿਆਂ ਵੱਲ ਵੀ ਇਹਨਾਂ ਚਿੰਤਕਾਂ ਨੇ ਖਾਸ ਧਿਆਨ ਦਿੱਤਾ।



Scanned with OKEN Scanner

[illegible]
ਕਰਦਾ ਹੈ। ਅਸਤਿਤ੍ਵ ਅਤੇ ਜੀਵਨ ਦੇ ਵੱਖਰੇ ਕੇਂਦਰ ਬਿੰਦੂ ਹਨ। ਵਿਅਕਤੀ 'ਪਾਸ' ਉਸਦਾ ਜੀਵਨ ਹੁੰਦਾ ਹੈ ਅਤੇ ਇਕ ਵਿਅਕਤੀ ਆਪ-ਆਪਣਾ ਅਸਤਿਤ੍ਵ 'ਹੈ'। ਕਿਸੇ ਵੀ ਵਿਅਕਤੀ ਪਾਸ ਚੰਗਾ ਜਾਂ ਮਾੜਾ ਜੀਵਨ ਹੋ ਸਕਦਾ ਹੈ, ਘਟ ਜਾਂ ਵੱਧ ਜੀਵਨ ਹੋ ਸਕਦਾ ਹੈ, ਪਰ ਅਸਤਿਤ੍ਵ ਦੇ ਅਜਿਹੇ ਕੋਈ ਪੈਮਾਨੇ ਨਹੀਂ ਹੁੰਦੇ ਜਾਂ ਤਾਂ ਇਹ ਸਮੁੱਚਾ ਹੁੰਦਾ ਹੈ ਅਤੇ ਜਾਂ ਫਿਰ ਬਿਲਕੁਲ ਵੀ ਨਹੀਂ ਹੁੰਦਾ।"[4]

ਅਸਤਿਤ੍ਵਵਾਦੀ ਦਰਸ਼ਨ ਦੀਆਂ ਬਹੁਤ ਸਾਰੀਆਂ ਦਿਸ਼ਾਵਾਂ ਅਤੇ ਲਹਿਰਾਂ ਹਨ। ਕੋਈ ਆਸਤਿਕਤਾਵਾਦੀ ਹੈ ਜਾਂ ਕੋਈ ਨਾਸਤਿਕਵਾਦੀ; ਕੋਈ ਵਿਪਰੀਤ ਸਥਿਤੀਆਂ ਦੇ ਵਿਰੁੱਧ ਵਿਦ੍ਰੋਹ ਕਰਨ ਉਤੇ ਜੋਰ ਦਿੰਦਾ ਹੈ ਕੋਈ ਵਿਪਰੀਤ ਸਥਿਤੀਆਂ ਨੂੰ ਸਹਿਣ ਕਰਨ ਵਿਚ ਆਨੰਦ ਮਹਿਸੂਸ ਕਰਦਾ ਹੈ। ਕੋਈ ਮਾਰਕਸ ਦਾ ਸਮਰਥਕ ਹੈ ਕੋਈ ਇਸਦਾ ਵਿਰੋਧ ਕਰਦਾ ਹੈ ਪਰ ਇਹਨਾਂ ਸਾਰੇ ਵਿਰੋਧਾਂ ਦੇ ਬਾਵਜੂਦ ਅਸਤਿਤ੍ਵਵਾਦੀ ਦਰਸ਼ਨ ਵਿਚ ਕੁਝ ਸਰਬ-ਸਾਂਝੇ ਧਰਾਤਲ ਹਨ।[5] ਜਿਵੇਂ :

- ਹੋਂਦ ਅਤੇ ਅਸਤਿਤ੍ਵ
- ਅਸਤਿਤ੍ਵ ਦਾ ਬੋਧ : ਵਿਸੰਗਤੀ ਅਤੇ ਚਿੰਤਾ
- ਹੋਂਦ ਅਤੇ ਨਿਰਹੋਂਦ
- ਸੁਤੰਤਰਤਾ ਅਤੇ ਸਵੈ-ਚੋਣ
- ਦੂਜੇ ਅਤੇ ਉਹਨਾਂ ਦੀ ਤੱਕਣੀ

ਅਸਤਿਤ੍ਵਵਾਦੀ ਦਰਸ਼ਨ ਦੇ ਇਹਨਾਂ ਧਰਾਤਲਾ ਦਾ ਵਿਸ਼ਲੇਸ਼ਣ ਕਰਦਿਆਂ ਅਸੀਂ ਕਹਿ ਸਕਦੇ ਹਾਂ ਕਿ 'ਹੋਂਦ' ਤੋਂ ਭਾਵ ਇਕ ਵਿਸ਼ਵ-ਵਿਆਪੀ ਸਮੂਰਤ, ਅਕਾਲ ਅਤ ਅਸੀਮ ਸੰਕਲਪ ਤੋਂ ਲਿਆ ਜਾਂਦਾ ਹੈ, ਇਸ ਤੋਂ ਛੁੱਟ 'ਅਸਤਿਤ੍ਵ' ਇਕ ਵਿਅਕਤੀਪਰਕ, ਮੂਰਤ ਅਤੇ ਸੀਮਿਤ ਸੰਕਲਪ ਹੈ। ਕਿਸੇ ਵੀ ਵਿਅਕਤੀ ਵਿਸ਼ੇਸ਼ ਸੰਬੰਧੀ ਜਦੋਂ ਅਸੀ ਹੋਂਦ ਦੀ ਗੱਲ ਕਰਦੇ ਹਾਂ ਤਾਂ ਕਹਿ ਸਕਦੇ ਹਾਂ ਕਿ 'ਹੋਂਦ' ਹਰ ਥਾਂ ਅਤੇ 'ਸਦੈਵ' ਹੁੰਦੀ ਹੈ। 'ਅਸਤਿਤ੍ਵ' ਕੇਵਲ ਨਿਸ਼ਚਿਤ ਥਾਂ ਤੇ ਜਾ 'ਇਥੇ ਅਤੇ ਹੁਣ' ਹੀ ਹੋ ਸਕਦਾ ਹੈ। ਬਹੁਤੇ ਅਸਤਿਤ੍ਵਵਾਦੀ ਦਾਰਸ਼ਨਿਕ ਹੋਂਦ ਅਤੇ ਅਸਤਿਤ੍ਵ ਦੇ ਵਿਚਕਾਰ ਕੋਈ ਵਿਰੋਧ ਨਹੀ ਮੰਨਦੇ ਜਦ ਕਿ ਬਹੁਤ ਦਾਰਸ਼ਨਿਕ ਇਸਦੇ ਅੰਤਰ ਬਾਰੇ ਵੀ ਚੇਤੰਨ ਸਨ ਕਿ 'ਹੋਂਦ' ਤੋਂ ਭਾਵ ਵਸਤੂਗਤ ਹੈ ਅਤੇ 'ਅਸਤਿਤ੍ਵ' ਦਾ ਸੰਬੰਧ ਆਤਮਗਤ ਹੈ। ਇਸ ਵਾਦ ਨਾਲ ਸੰਬੰਧਿਤ ਬਹੁਤੇ ਵਿਦਵਾਨ 'ਹੋਂਦ' ਦੇ ਵਿਪਰੀਤ ਬਹੁਤਾ ਸਮਰਥਨ 'ਅਸਤਿਤ੍ਵ' ਦਾ ਕਰਦੇ ਹਨ। ਇਹ ਵਿਦਵਾਨ ਜਦੋਂ ਅਸਤਿਤ੍ਵ ਦਾ ਬੋਧ ਵਿਸੰਗਤੀ ਅਤੇ ਚਿੰਤਾ ਨਾਲ ਜੋੜਦੇ ਹਨ ਤਾਂ ਨਿਰਾਸ਼ਾਵਾਦੀ ਵਿਚਾਰ ਨਾਲ ਵੀ ਜੁੜ ਜਾਂਦੇ ਹਨ।

"ਅਸਤਿਤ੍ਵਵਾਦ ਦੇ ਪ੍ਰਮੁੱਖ ਚਿੰਤਕ 'ਸਾਰਤ੍ਰ' ਦੇ ਨਾਵਾਂ ਵਿਚ ਮੁੱਖ ਪਾਤਰ ਵਸਤਾਂ ਅਤੇ ਸਥਿਤੀਆਂ ਦੇ ਬੋਧ ਸਮੇ ਵਿਸੰਗਤੀ ਅਤੇ ਚਿੰਤਾ ਦੇ ਭਾਵ ਮਹਿਸੂਸ ਕਰਦੇ ਵੇਖੇ ਜਾ ਸਕਦੇ ਹਨ ਅਤੇ ਦੂਜਾ ਪ੍ਰਮੁੱਖ ਚਿੰਤਕ ਕਾਮੂ ਵੀ ਜੀਵਨ ਨੂੰ ਮੌਤ ਲਈ ਇਕ ਸਿਖਲਾਈ ਤੋਂ ਵੱਧ ਕੁਝ ਵੀ ਨਹੀਂ ਮੰਨਦਾ ।"[6]

ਇਸ ਤੋਂ ਛੁੱਟ ਅਸਤਿਤ੍ਵਵਾਦੀ ਦਰਸ਼ਨ ਦਾ ਸੰਕਲਪ ਹੋਂਦ ਅਤੇ ਨਿਰਹੋਂਦ ਵੀ ਚਿੰਤਾ ਅਤੇ ਉਦਾਸੀ ਨੂੰ ਉਜਾਗਰ ਕਰਨ ਵਾਲੀ ਅਨੁਭੂਤੀ ਹੈ। ਕਿਸੇ ਵੀ ਤਰਕ ਵਿਸ਼ੇਸ਼ ਦੁਆਰਾ ਹੋਂਦ ਅਤੇ ਨਿਰਹੋਂਦ ਨੂੰ ਸਪਸ਼ਟ ਨਹੀਂ ਕੀਤਾ ਜਾ ਸਕਦਾ । "ਆਪਣੇ ਪ੍ਰਮੁੱਖ ਗ੍ਰੰਥ 'Existentialism is a Humanism' 1946 ਵਿਚ ਸਾਰਤ੍ਰ ਨੇ ਇਹ ਦਰਸਾਉਣ ਦਾ ਜਤਨ ਕੀਤਾ ਕਿ ਵਿਅਕਤੀ ਦੀ ਸੁਤੰਤਰਤਾ ਉਸਦੀ ਨਿਰਹੋਂਦ ਨਾਲ ਜੁੜੀ ਹੁੰਦੀ ਹੈ।"[7] ਅਸਤਿਤ੍ਵਵਾਦੀਆਂ ਦਾ ਨਿਯਤੀ ਵਿਚ ਵਿਸ਼ਵਾਸ ਨਾ ਰੱਖਣਾ ਹੀ ਮਨੁੱਖੀ ਅਸਤਿਤ੍ਵ ਦੀ ਪਹਿਲ ਨੂੰ ਨਿਰਧਾਰਿਤ ਕਰਦਾ ਹੈ। ਇਹਨਾਂ ਦਾਰਸ਼ਨਿਕਾਂ ਦਾ ਮਤ ਹੈ ਕਿ ਮਨੁੱਖ ਕਿਸੇ Supreme Power ਦਾ ਗੁਲਾਮ ਨਹੀਂ ਕਿਉਂਕਿ ਮਨੁੱਖ ਆਪਣੇ ਨਾਲ ਕੁਝ ਵੀ ਲੈ ਕੇ ਨਹੀਂ ਆਉਂਦਾ ਅਤੇ ਮਨੁੱਖ ਆਪਣੀ 'ਨਿਯਤੀ' ਦਾ ਆਪਣੀ ਪ੍ਰਤਿਬੱਧਤਾ ਦੁਆਰਾ ਨਿਰਮਾਣ ਕਰਦਾ ਹੈ।

ਇਸ ਤਰ੍ਹਾਂ ਵਿਅਕਤੀ ਆਪਣੀ 'ਚੋਣ' ਦੁਆਰਾ ਆਪ ਬਣਦਾ ਹੈ। ਇਹ ਚੋਣ ਸੁਤੰਤਰਤਾ ਉਪਰ ਆਧਾਰਿਤ ਹੈ। "ਸੁਤੰਤਰਤਾ ਵਿਚੋਂ ਉਪਜਣ ਵਾਲੀ ਜਿੰਮੇਵਾਰੀ ਬਹੁਤ ਵੱਡੀ ਹੁੰਦੀ ਹੈ ਕਿਉਂਕਿ ਮਨੁੱਖ ਆਪਣੇ ਲਈ ਅਤੇ ਆਪਣੇ ਸਾਰੇ ਲੋਕਾਂ ਲਈ ਜਿੰਮੇਵਾਰ ਹੈ ਕਿਉਂਕਿ ਆਪਣੇ ਲਈ ਚੋਣ ਕਰਕੇ ਉਹ ਸਾਰੇ ਲੋਕਾਂ ਲਈ ਵੀ ਚੋਣ ਕਰ ਰਿਹਾ ਹੁੰਦਾ ਹੈ ਕਿ ਉਹ ਕੀ ਬਣਨ ।"[8]

ਅਸਤਿਤ੍ਵਵਾਦ ਦੇ ਲੱਛਣਾ ਸੰਬੰਧੀ ਸਾਰਤ੍ਰ ਦੀ ਵਿਚਾਰਧਾਰਾ ਇਸ ਵਾਦ ਨੂੰ ਸੰਕਲੂ ਅਤੇ ਸੰਕੀਰਨ ਤੱਤਾਂ ਨਾਲ ਭਰਪੂਰ ਵੀ ਮੰਨਦੀ ਹੈ। ਇਹਨਾਂ ਦਾਰਸ਼ਨਿਕਾਂ ਦਾ ਵਿਚਾਰ ਹੈ ਕਿ ਵਿਅਕਤੀਆਂ ਦੇ ਆਪੋ ਵਿਚਲੇ ਰਿਸ਼ਤੇ ਇਕ ਦੂਜੇ ਦੀ ਸੁਤੰਤਰਤਾ ਨੂੰ ਕੁਚਲਨ ਜਾਂ ਵੱਸ ਵਿਚ ਕਰ ਲੈਣ ਦੇ ਜਤਨ ਹਨ; ਕਿਉਂਕਿ ਦੂਜਿਆਂ ਨਾਲ ਸਾਰੇ ਸੰਭਾਵੀ ਰਿਸ਼ਤੇ ਚਾਹੇ ਉਹ ਪਿਆਰ ਦੇ ਹੀ ਕਿਉਂ ਨਾ ਹੋਣ, ਅਸਲ ਵਿਚ ਵਿਰੋਧ ਦੇ ਹੀ ਵੱਖੋ-ਵੱਖਰੇ ਰੂਪ ਹੁੰਦੇ ਹਨ। ਇਸ ਸਥਿਤੀ ਵਿਚ ਕੋਈ ਮੰਦੀ ਭਾਵਨਾ ਕੰਮ ਨਹੀ ਕਰ ਰਹੀ ਹੁੰਦੀ, ਸਿਰਫ਼ ਸਥਿਤੀ ਦੇ ਤਕਾਜੇ ਹੀਂ ਅਜੇਹੇ ਹੁੰਦੇ ਹਨ ਜਿਵੇਂ ਹੀ ਮੇਰਾ ਅਸਤਿਤ੍ਵ ਪੇਸ਼ ਹੁੰਦਾ ਹੈ, ਮੈਂ ਦੂਜੇ ਵਿਅਕਤੀ ਦੀ ਸੁਤੰਤਰਤਾ ਸਾਹਮਣੇ ਸੀਮਾਵਾਂ ਲਗਾ ਦਿੰਦਾ ਹਾਂ। ਮੂਲ ਰੂਪ ਵਿਚ ਸਾਰਤ੍ਰ ਦਾ ਇਹ ਮੰਨਣਾ ਹੈ ਕਿ ਦੂਜੇ ਵਿਅਕਤੀ ਦੀ ਸੁਤੰਤਰਤਾ ਦਾ ਸਤਿਕਾਰ ਇਕ ਥੋਥਾ ਅਤੇ ਸੱਖਣਾ ਸ਼ਬਦ ਹੈ।

ਭਾਵੇਂ ਅਸਤਿਤ੍ਵਵਾਦ ਆਪਣੇ ਵਿਕਸਿਤ ਰੂਪ ਵਿਚ ਵਰਤਮਾਨ ਯੁੱਗ ਦੀ ਵਿਚਾਰਧਾਰਾ ਹੈ ਪਰ ਇਸ ਦੀਆਂ ਜੜ੍ਹਾਂ ਮਨੁੱਖ ਦੇ ਪੂਰਵ-ਦਰਸਨ-ਯੁਗੀਨ ਜਤਨਾਂ ਵਿਚ ਲੱਭੀਆਂ ਜਾ ਸਕਦੀਆਂ ਹਨ। "ਇਸ ਅਸਤਿਤ੍ਵਵਾਦੀ ਦਰਸ਼ਨ ਨੇ ਇਕ ਅਜੇਹੀ ਚਿੰਤਨ ਵਿਧੀ ਨੂੰ ਅੱਗੇ ਲਿਆਂਦਾ ਜੋ ਮਨੁੱਖੀ ਅਸਤਿਤ੍ਵ ਜਿੰਨੀ ਹੀ ਪੁਰਾਤਨ ਹੈ ਅਤੇ ਮਾਨਵ-ਚਿੰਤਨ ਦੇ ਇਤਿਹਾਸ ਵਿਚ ਨਿਰੰਤਰ ਕਿਸੇ ਨਾ ਕਿਸੇ ਰੂਪ ਵਿਚ ਕਾਰਜਸ਼ੀਲ ਰਹੀ ਹੈ।"[9]



... ਵਿਚਾਰਧਾਰਾ ਅਸਤਿਤ੍ਵਵਾਦ ਨੂੰ ਗੰਭੀਰਤਾ ਨਾਲ ਪਛਾਣਨ ਵਿਚ ਸਮਰਥ ਹੈ ਉਹਨਾਂ ਵਿਚੋਂ ਸੋਰੇਨ ਕਿਰਕੇਗਾਰਦ ਨੂੰ ਅਸਤਿਤ੍ਵਵਾਦ ਦਾ ਪਿਤਾਮਾ ਮੰਨਿਆ ਜਾਂਦਾ ਹੈ, ਇਹ ਅਸਤਿਤ੍ਵਵਾਦ ਦੀ ਪੈਰਵੀ ਕਰਨ ਵਾਲਾ ਪਹਿਲਾ ਯੂਰਪੀਨ ਦਾਰਸ਼ਨਿਕ ਸੀ। ਕਿਰਕੇਗਾਰਦ ਦੀ ਉਲਝਣ ਧਰਮ ਨਾਲ ਸੰਬੰਧਿਤ ਸੀ ਕਿ ਮਾਨਵੀ ਵਿਕਾਸ ਦੀ ਯਾਤਰਾ ਸੁਹਜ ਤੋਂ ਨੈਤਿਕਤਾ ਰਾਹੀਂ ਧਾਰਮਿਕ ਅਵਸਥਾ ਤੱਕ ਕਿਵੇਂ ਪਹੁੰਚਦੀ ਹੈ। ਉਸਦਾ ਇਹ ਵੀ ਮੰਨਣਾ ਹੈ ਕਿ ਈਸਾਈ ਧਰਮ ਆਪਣੇ ਆਪ ਵਿਚ ਅੰਧਵਿਸ਼ਵਾਸ ਦੀ ਮੰਗ ਕਰਦਾ ਹੈ। ਸਮਕਾਲੀ ਸਮੇਂ ਵਿਚ ਗਿਰਜੇ ਦੇ ਸਿਧਾਂਤ ਤੇ ਰਸਮਾਂ ਜਿਹਨਾਂ ਨੂੰ ਈਸਾਈਅਤ ਸਮਝ ਲਿਆ ਜਾਂਦਾ ਸੀ ਅਸਲ ਵਿਚ ਮਨੁੱਖ ਨੂੰ ਭਟਕਾਉਣ ਵਾਲੇ ਅਸੂਲ ਸਨ, ਇਹ ਹੀ ਕਾਰਨ ਹੈ ਕਿ ਕਿਰਕੇਗਾਦ ਨੂੰ ਜਦੋਂ ਇਸ ਗੱਲਦੀ ਸਮਝ ਆਈ ਤਾਂ ਉਸਨੇ ਹੀ ਈਸਾਈ ਸੰਸਥਾਵਾਂ ਦੇ ਵਿਰੋਧ ਵਿਚ ਜੋਰਦਾਰ ਆਵਾਜ਼ ਉਠਾਈ। ਮਨੁੱਖੀ ਅਸਤਿਤ੍ਵ ਬਾਰੇ ਚਰਚਾ ਕਰਦਿਆਂ ਕਿਰਕੇਗਾਰਦ ਨੇ ਇਹ ਵਿਚਾਰ ਪੇਸ਼ ਕੀਤਾ ਕਿ "ਅਸੀ ਅਸਤਿਤ੍ਵ ਦੇ ਤੀਬਰ ਪਲਾਂ ਵਿਚ, ਖਾਸ ਤੌਰ ਤੇ ਤਕਲੀਫ਼ਦੇਹ ਫੈਸਲੇ ਦੇ ਪਲਾਂ ਵਿਚ ਵਾਸਤਵਿਕਤਾ ਦਾ ਦੀਦਾਰ ਕਰਦੇ ਹਾਂ। ਚੋਣ ਸਮੇਂ ਇਹ ਮਹੱਤਵਪੂਰਨ ਨਹੀਂ ਕਿ ਤੁਸੀ ਸਹੀ ਚੋਣ ਕੀਤੀ ਹੈ ਜਾਂ ਨਹੀਂ ਸਗੋਂ ਇਹ ਮਹੱਤਵਪੂਰਨ ਹੈ ਕਿ ਚੋਣ ਕਰਦੇ ਸਮੇਂ ਕਿੰਨਾ ਦੁੱਖ ਭੋਗਣਾ ਪਿਆ। ਇਸ ਤਰ੍ਹਾਂ ਮਨੁੱਖੀ ਸ਼ਖ਼ਸੀਅਤ ਆਪਣੀ ਅੰਦਰਲੀ ਅਸੀਮਤਾ ਦਾ ਐਲਾਨ ਕਰਦੀ ਹੈ ਅਤੇ ਸ਼ਖ਼ਸੀਅਤ ਪਕੇਰੀ ਹੁੰਦੀ ਹੈ।"[10]

ਕਿਰਕੇਗਾਰਦ ਦਾ ਤਤਕਾਲਿਕ ਉਤਰਾਧਿਕਾਰੀ ਕੋਈ ਨਾ ਬਣਿਆ। ਅਸਲ ਵਿਚ 19ਵੀਂ ਸਦੀ ਵਿਚ ਉਸ ਦੀਆਂ ਰਚਨਾਵਾਂ ਦਾ ਬਹੁਤਾ ਮੁੱਲ ਨਹੀਂ ਪਾਇਆ ਗਿਆ। 1844-1890 ਤੱਕ ਦੇ ਸਮੇਂ ਵਿਚ Friendrick Nietzsche ਦਾ ਸਥਾਨ ਵੀ ਅਸਤਿਤ੍ਵਵਾਦ ਦੇ ਸੰਬੰਧ ਵਿਚ ਮਹੱਤਵਪੂਰਨ ਹੈ। ਜਿਥੇ ਕਿਰਕੇਗਾਰਦ ਦੀ ਰੁਚੀ ਈਸਾਈ ਬਣਨ ਵਿਚ ਸੀ ਉਥੇ ਨੀਤਸ਼ੇ ਈਸਾਈਅਤ ਤੋਂ ਦੂਰ ਭੱਜਣਾ ਚਾਹੁੰਦਾ ਸੀ। ਨੀਤਸ਼ੇ ਦੀ ਵਿਚਾਰਧਾਰਾ ਈਸਾਈਅਤ ਵਿਚ ਵਿਸ਼ਵਾਸ ਨੂੰ ਤਰਕ ਦੀ ਖੁਦਕਸ਼ੀ ਮੰਨਦੀ ਹੈ। ਉਸਨੇ 'ਰੱਬ ਦੀ ਮੌਤ' ਵਿਸ਼ੇ ਉਤੇ ਵਿਚਾਰ ਪੇਸ਼ ਕੀਤੇ ਅਤੇ ਕਿਹਾ ਕਿ ਰੱਬ ਦੀ ਮੌਤ ਮਨੁੱਖ ਨੂੰ ਆਜ਼ਾਦੀ ਬਖਸ਼ਦੀ ਹੈ। "1883-1969 ਦੇ ਸਮੇਂ ਵਿਚਕਾਰ ਕਾਰਲ ਜੈਸਪਰਜ ਨੇ ਇਕ ਮਨੋਵਿਗਿਆਨੀ ਦੇ ਤੌਰ ਤੇ ਮਾਨਵ-ਅਸਤਿਤ੍ਵ ਅਤੇ ਸੰਸਾਰ ਵਿਚਲੇ ਰਿਸ਼ਤੇ ਨੂੰ ਪਰਿਭਾਸ਼ਿਤ ਕੀਤਾ।"[11]

ਅਸਤਿਤ੍ਵਵਾਦ ਨਾ ਤਾਂ ਕਿਸੇ ਖਾਸ ਰਾਜਨੀਤਿਕ ਵਿਚਾਰਧਾਰਾ ਨਾਲ ਆਪਣੇ ਆਪ ਨੂੰ ਪ੍ਰਤਿਬੱਧ ਕਰਦਾ ਹੈ ਭਾਵ ਇਹ ਰਾਜਨੀਤਿਕ ਵਿਚਾਰਧਾਰਾਵਾਂ ਦਾ ਵਿਰੋਧੀ ਤੇ ਆਲੋਚਕ ਹੈ ਜੋ ਮਨੁੱਖੀ ਆਜ਼ਾਦੀ ਨੂੰ ਸੀਮਿਤ ਕਰਦਾ ਹੈ । ਅਸਤਿਤ੍ਵਵਾਦੀ ਆਲੋਚਕਾਂ ਵਿਚੋਂ ਹਾਈਡਿਗਰ ਕੁਝ ਸਮਾਂ ਨਾਜੀ ਰਿਹਾ, ਸਾਰਤ੍ਰ ਕੁਝ ਮਾਰਕਸਵਾਦ ਵੱਲ ਝੁਕਿਆ ਪਰ ਕਾਮੂ ਮਾਰਕਸਵਾਦ ਦੀ ਤਿੱਖੀ ਆਲੋਚਨਾ ਕਰਦਾ ਰਿਹਾ । ਪਰੰਤੂ ਫਿਰ ਵੀ ਇਕ ਦਾਰਸ਼ਨਿਕ ਧਾਰਾ ਦੇ ਤੌਰ ਤੇ 20ਵੀਂ ਸਦੀ ਦੇ ਚਿੰਤਨ ਨੂੰ ਅਸਤਿਤ੍ਵਵਾਦ ਨੇ ਪ੍ਰਭਾਵਿਤ ਕੀਤਾ । ਇਹ ਵਾਦ ਨੂੰ ਫਰਾਇਡਵਾਦੀ ਮਾਡਲ ਦੀ ਤੁਲਨਾ ਵਿਚ ਬਿਹਤਰ ਮੰਨਿਆ ਗਿਆ । ਅਸਤਿਤ੍ਵਵਾਦੀ ਲਹਿਰ 1943-44 ਵਿਚ ਇਕ ਪ੍ਰਭਾਵਸ਼ਾਲੀ ਲਹਿਰ ਦੇ ਰੂਪ ਵਿਚ ਜਾਗਣ ਲੱਗੀ ਜਦੋਂ ਯੂਰਪ ਦੂਜੇ ਵਿਸ਼ਵ ਯੁੱਧ ਦੀ ਭਿਆਨਕਤਾ ਵਿਚੋਂ ਗੁਜਰ ਰਿਹਾ ਸੀ ਅਜੋਕੇ ਸਮੇਂ ਸਦਮਾਨਵੀ ਗੁਣ ਆਤੰਕਮਈ ਪਰਿਵੇਸ਼ ਵਿਚੋਂ ਲੋਪ ਹੋ ਗਏ। ਇਹ ਲਹਿਰ ਭਾਰਤੀ ਸਾਹਿਤ ਵਿਚ 1962-70 ਦੇ ਕਰੀਬ ਪ੍ਰਫੁਲਿਤ ਹੋਣੀ ਆਰੰਭ ਹੋਈ ਜਦੋਂ ਭਾਰਤ ਇਸ ਦਸ਼ਕ ਵਿਚ ਬੇਹੱਦ ਤਨਾਉ ਅਤੇ ਉਤੇਜਨਾਮਈ ਸਮੇਂ ਵਿਚੋਂ ਲੰਘ ਰਿਹਾ ਸੀ। ਇਸ ਕਾਲ ਵਿਚ ਭਾਰਤੀ ਲੋਕਾਂ ਨੇ ਸੁਤੰਤਰਤਾ ਬਾਰੇ ਲਏ ਹੋਏ ਆਪਦੇ ਸੁਪਨੇ ਟੁੱਟਦੇ ਬਿਖਰਦੇ ਨਜ਼ਰ ਆਏ। ਇਹ ਉਹ ਸਮਾਂ ਸੀ ਜਦੋਂ ਪੰਜਾਬੀ ਸਾਹਿਤਕਾਰਾਂ ਨੇ ਅਸਤਿਤ੍ਵਵਾਦ ਦੀਆਂ ਅਵਧਾਰਨਾਵਾਂ ਨੂੰ ਆਪਣਾ ਲਕਸ਼ ਜਾਣ ਕੇ ਕੁਝ ਕਵਿਤਾਵਾਂ ਲਿਖੀਆਂ। "ਅੰਮ੍ਰਿਤਾ ਪ੍ਰੀਤਮ ਜੋ ਕਦੇ ਸਹਾਨੁਭੂਤੀ ਕਰੁਣਾ ਅਤੇ ਸਦਭਾਵੀ ਗੁਣਾਂ ਦੀ ਪ੍ਰਵਰਤਕ ਸੀ ਉਸਨੇ ਆਪਣੀ ਕਾਵਿ-ਪੁਸਤਕ 'ਕਾਗਜ ਤੇ ਕੈਨਵਸ' (1970) ਦੇ ਪ੍ਰਥਮ ਪੰਨੇ ਉਤੇ ਸਮਰਪਣ-ਪੰਕਤੀ ਵਿਚ ਲਿਖਿਆ : ਕਿਸੇ ਨੂੰ ਵੀ ਨਹੀਂ । ਅਰਥਾਤ ਇਹ ਪੁਸਤਕ ਕਿਸੇ ਨੂੰ ਵੀ ਸਮਰਪਿਤ ਨਹੀਂ।"[12]

'ਕਾਗਜ ਤੇ ਕੈਨਵਸ' ਵਿਚ ਅਸਤਿਤ੍ਵਵਾਦ ਉਤੇ ਉਸਦੀ ਇਕ ਕਵਿਤਾ ਅੰਕਿਤ ਹੈ ਜਿਸ ਵਿਚ ਅੰਮ੍ਰਿਤਾ ਲਿਖਦੀ ਹੈ :

ਸੁਣਿਆ ਸੀ ਕਿ ਅੰਬਰ ਦਾ ਨੀਲ ਬਸਤਰ
ਜੋ ਕਦੇ ਆਦਮ ਨੇ ਉਣਿਆ ਸੀ
ਮੈਨੂੰ ਵਿਰਸੇ ਵਿਚ ਮਿਲਿਆ ਹੈ
ਮੈਂ ਨਿਊਟਨ ਤੇ ਕਾਲੀਦਾਸ ਦੇ ਵਿਚਕਾਰ ਖੜਾ
ਇਹ ਰਸਤੇ ਤੈਅ ਕਰਨੇ ਹਨ
ਸਵਾਲ ਮੇਰਾ ਹੈ।
ਜਵਾਬ ਵੀ ਮੇਰਾ।[13]

ਅੰਮ੍ਰਿਤਾ ਪ੍ਰੀਤਮ ਤੋਂ ਛੁੱਟ ਅਜਾਇਬ ਕਮਲ ਅਤੇ ਸੁਖਪਾਲਵੀਰ ਸਿੰਘ ਹਸਰਤ ਨੇ ਅਸਤਿਤ੍ਵਵਾਦ ਨਾਲ ਸੰਬੰਧਿਤ ਕੁਝ ਸੰਕਲਪਾਂ ਦਾ ਸੂਤਰਪਾਤ ਕਰਨ ਦੀ ਕੋਸ਼ਿਸ਼ ਕੀਤੀ ਪਰੰਤੂ ਬਹੁਤੀ ਸਫ਼ਲਤਾ ਉਹਨਾਂ ਨੂੰ ਨਾ ਮਿਲੀ। ਸੁਖਪਾਲਵੀਰ ਸਿੰਘ ਹਸਰਤ ਨੇ 'ਸ਼ਕਤੀਵਾਦ' ਦੇ ਸੰਕਲਪ ਨੂੰ ਅਸਤਿਤ੍ਵ ਦੇ ਬੁਨਿਆਦੀ ਤੱਤ ਵਜੋਂ ਸਵੀਕਾਰ ਕੀਤਾ ਉਹ ਲਿਖਦਾ ਹੈ :

ਸ਼ਕਤੀ ਤੋਂ ਹੁੰਦਾ ਪ੍ਰਕਾਸ਼ ।
ਸ਼ਕਤੀ ਤੋਂ ਹੀ ਮਹਾ ਵਿਨਾਸ਼ ।
ਸ਼ਕਤੀ ਤੋਂ ਹੀ ਮਹਾ ਜਵਾਨੀ ।
ਸ਼ਕਤੀ ਤੋਂ ਹੀ ਚਲੇ ਭਵਾਨੀ।[14]

ਇਸੇ ਪੀੜ੍ਹੀ ਦੇ ਇਕ ਹੋਰ ਕਵੀ ਜਗਤਾਰ ਨੇ ਵੀ ਇਸ ਦਿਸ਼ਾ ਵੱਲ ਮਹੱਤਵਪੂਰਨ ਕਦਮ ਪੁਟਿਆ। ਇਸ ਸਬੰਧ ਵਿਚ ਕਵਿਤਾ 'ਦੀਵਾਰ ਦੀ ਦਸਤਾਵੇਜ਼' ਦੇਖੀ ਜਾ ਸਕਦੀ ਹੈ।

ਜੇਲ ਦੀ ਗੁੰਮ ਸੁੰਮ ਅਤੇ ਤੰਗ ਕੋਠੜੀ ਵਿਚ
ਉਸ ਨੇ ਦੀਵਾਰ ਤੇ
ਆਪਦੇ ਲਹੂ ਦੇ ਨਾਲ ਪਹਿਲਾ ਸ਼ਬਦ ਲਿਖਿਆ
ਜ਼ਿੰਦਗੀ
ਦੂਜਾ ਕ੍ਰਾਂਤੀ
ਅਤੇ ਤੀਜਾ ਆਜ਼ਾਦੀ।[15]

ਇਹਨਾਂ ਪੰਜਾਬੀ ਕਵੀਆਂ ਦਾ ਅਸਤਿਤ੍ਵਵਾਦ ਦੀ ਹੋਂਦ ਨੂੰ ਅਹਿਸਾਸ ਵਿਚ ਬਦਲਣ ਦਾ ਜਤਨ ਕਾਫ਼ੀ ਹੱਦ ਤੱਕ ਸ਼ਲਾਘਾ ਯੋਗ ਹੈ। ਪੰਜਾਬੀ ਕਵੀਆਂ ਦੀਆਂ ਇਹਨਾਂ ਕਵਿਤਾਵਾਂ ਵਿਚਲਾ ਵਾਤਾਵਰਨ ਅਤੇ ਮੁਹਾਵਰਾ ਸਾਰਤ੍ਰ ਦੀਆਂ ਕਹਾਣੀਆਂ The Wall ਅਤੇ ਨਾਟਕ The Flies ਆਦਿ ਵਿਚ ਪੇਸ਼ ਵਿਸ਼ਿਆਂ ਨਾਲ ਮੇਲ ਖਾਉਂਦਾ ਹੈ। ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਵਿਸ਼ਵ-ਪੱਧਰ ਤੇ ਸਾਹਿਤ ਤੇ ਕਲਾ ਦੇ ਖੇਤਰ ਵਿਚ ਆਪਣਾ ਯੋਗਦਾਨ ਪਾਉਣ ਵਾਲੇ ਵਾਦਾਂ ਵਿਚ ਅਸਤਿਤ੍ਵਵਾਦ ਦਾ ਵੀ ਬੋਲਬਾਲਾ ਰਿਹਾ। ਪੰਜਾਬੀ ਸਾਹਿਤ ਨੇ ਵੀ ਇਸ ਵਿਚ ਆਪਣਾ ਬਣਦਾ ਯੋਗਦਾਨ ਪਾਇਆ ।

ਵਿਸ਼ਵ ਪੱਧਰ ਤੇ ਇਹ ਪ੍ਰਵਿਰਤੀ ਦੋ ਕੁ ਦਹਾਕਿਆ ਤੋਂ ਵੱਧ ਚਰਿਤ੍ਰ ਨਾ ਰਹਿ ਸਕੀ। ਸਾਰਤ੍ਰ ਦੀਆਂ ਅਸਤਿਤ੍ਵ ਦੇ ਦੁਆਲੇ ਖਿੱਚੀਆਂ ਸੀਮਾਵਾਂ ਨੇ ਇਸ ਨੂੰ ਬੇਹਦ ਵਿਵਾਦਗ੍ਰਸਤ ਬਣਾ ਦਿੱਤਾ। ਆਪਣੇ ਜੀਵਨ ਦੇ ਅੰਤਲੇ 20 ਵਰ੍ਹੇ ਉਸਨ ਇਸ ਦਾਰਸ਼ਨਿਕ ਪ੍ਰਵਿਰਤੀ ਨੂੰ ਮਾਰਕਸਵਾਦ ਨਾਲ ਜੋੜਨ ਦਾ ਜਤਨ ਕੀਤਾ । ਕੁਝ ਨਵੀਨ ਸੰਭਾਵਨਾਵਾਂ ਨੂੰ ਸਿਰਜਦੀ ਹੋਈ ਇਹ ਕਾਵਿ-ਧਾਰਾ ਪੰਜਾਬੀ ਸਾਹਿਤ ਦੇ ਖੇਤਰ ਵਿਚ ਵੀ ਪ੍ਰਯੋਗਵਾਦ ਤੋਂ ਸ਼ੁਰੂ ਹੋ ਕੇ, ਪ੍ਰਗਤੀਵਾਦ ਅਤੇ ਮਾਰਕਸਵਾਦ ਵਿਚ ਰੱਲ ਗਈ।

## ਹਵਾਲੇ ਅਤੇ ਟਿੱਪਣੀਆਂ


1 ਖੋਜ ਪ੍ਰਤ੍ਰਿਕਾ ਸਾਹਿਤਕ ਵਾਦ-ਅੰਕ, ਭਾਗ ਦੂਜਾ, ਪੰਨਾ 74
2 ਖੋਜ ਪੱਤ੍ਰਿਕਾ, ਆਧੁਨਿਕ ਕਾਵਿ ਅੰਕ, ਸੰਪਾਦਕ ਡਾ. ਰਤਨ ਸਿੰਘ ਜੱਗੀ, ਪੰਨਾ 147
3 ਅਧਿਐਨ ਤੇ ਅਧਿਆਪਨ, ਬਦਲਦੇ ਪਰਿਪੇਖ, ਪੰਨਾ 70
4 ਖੋਜ ਪੱਤ੍ਰਿਕਾ, ਆਧੁਨਿਕ ਕਾਵਿ ਅੰਕ, ਸੰ. ਡਾ. ਰਤਨ ਸਿੰਘ ਜੱਗੀ, ਪੰਨਾ 147
5 ਉਹੀ, ਪੰਨਾ 149
6 ਉਹੀ, ਪੰਨਾ 149
7 ਉਹੀ, ਪੰਨਾ 149
8 ਉਹੀ, ਪੰਨਾ 150
9 ਖੋਜ ਪੱਤ੍ਰਿਕਾ, ਸਾਹਿਤਕ ਵਾਦ ਅੰਕ, ਪੰਨਾ 94
10 ਉਹੀ, ਪੰਨਾ 95
11 ਉਹੀ, ਪੰਨਾ 95
12 ਖੋਜ ਪੱਤ੍ਰਿਕਾ, ਆਧੁਨਿਕ ਕਾਵਿ ਅੰਕ, ਪੰਨਾ 151, ਸੰਪਾਦਕ ਰਤਨ ਸਿੰਘ ਜੱਗੀ
13 ਕਾਗਜ ਤੇ ਕੈਨਵਸ, ਅੰਮ੍ਰਿਤਾ ਪ੍ਰੀਤਮ, ਪੰਨਾ 35
14 ਕਾਲ-ਮੁਕਤ, ਸੁਖਪਾਲਵੀਰ ਸਿੰਘ ਹਸਰਤ, ਪੰਨਾ 63





'चिन्तन' अन्तरराष्ट्रीय रिसर्च जर्नल (ISSN : 2229-7227)
International Refereed
Impact Factor : 4.012
वर्ष 9, अंक 34(II) (पृ.सं. 347-353)
विक्रमी सम्वत्: 2077 (अप्रैल-जून 2019)


# ਕਬੀਰ ਬਾਣੀ: ਧਾਰਮਿਕ ਅਤੇ ਸਮਾਜਿਕ ਪੱਖ


ਸਰਵਜੀਤ ਸਿੰਘ
ਪਿੰਡ ਤੇ ਡਾਕਖਾਨਾ ਰੋੜ੍ਹੀ
ਤਹਿਸੀਲ ਕਾਂਲਾਂਵਾਲੀ
ਜ਼ਿਲ੍ਹਾ ਸਿਰਸਾ



ਸ਼ੋਧ ਆਲੇਖ ਸਾਰ

ਕਬੀਰ ਦੀ ਬਾਣੀ ਦਾ ਸਮਾਜਿਕ ਅਤੇ ਧਾਰਮਿਕ ਮਹੱਤਵ ਮਾਨਵ ਸਮਾਜ ਦੀ ਤਰੱਕੀ ਦਾ ਮਾਰਗ ਹੈ। ਉਨ੍ਹਾਂ ਨੇ ਮਾਨਵੀ ਕਦਰਾਂ ਕੀਮਤਾਂ ਨੂੰ ਨਵੇਂ ਢੰਗ ਨਾਲ ਪ੍ਰਚਾਲਿਤ ਕਰਕੇ, ਲੋਕਾਂ ਦੇ ਮਨਾਂ ਵਿੱਚ ਉਤਸ਼ਾਹ ਭੱਰਿਆ ਅਤੇ ਜਾਤ-ਪਾਤ, ਛੂਤ-ਛਾਤ, ਵਹਿਮਾਂ-ਭਰਮਾਂ,ਪਾਖੰਡਾਂ ਨੂੰ ਰੱਦ ਕਰਕੇ, ਇੱਕ ਨਵੇਂ ਨਰੋਏ ਕਲਿਆਣਕਾਰੀ ਸਮਾਜ ਦੀ ਸਥਾਪਨਾ ਕੀਤੀ।



ਮੁੱਖ ਸ਼ਬਦ : ਸਮਾਜਿਕ ਸਰੂਪ, ਅਰਾਜਕਤਾ, ਬੇਇੰਨਸਾਫ਼ੀ, ਅਧਿਆਤਮਿਕ ਸਾਧਨ ।


ਭਗਤ ਕਬੀਰ ਜੀ ਆਪਣੇ ਸਮੇਂ ਦੇ ਇੱਕ ਚੇਤਨ ਦਾਰਸ਼ਨਿਕ ਅਤੇ ਸੰਵੇਦਨਸ਼ੀਲ ਪੁਰਸ਼ ਸਨ। ਉਨ੍ਹਾਂ ਨੇ ਮੱਧਯੁਗੀ ਰੂੜ੍ਹੀਆਂ ਅਤੇ ਬ੍ਰੰਧਨਾਂ ਦਾ ਬੋਧ ਕਰਵਾਉਦੇ ਹੋਏ ਮਨੁੱਖ ਨੂੰ ਸਰਵਪੱਖੀ ਸੁਤੰਤਰਤਾ ਦਾ ਰਾਹ ਵਿਖਾਇਆ। ਕਬੀਰ ਜੀ ਨੇ ਆਪਣੀ ਬਾਣੀ ਤੇ ਚਿਤੰਨ ਦੇ ਮਾਧਿਅਮ ਦੁਆਰਾ ਮੱਧ ਯੁੱਗੀ ਸੋਚਾਂ ਅਤੇ ਕਰਮਾਂ ਦੇ ਸਾਰੇ ਰਵਾਇਤੀ ਮਾਪਦੰਡਾਂ ਉਪਰ ਪ੍ਰਸ਼ਨ ਚਿੰਨ ਲਗਾਉਦੇ ਹੋਏ ਮਨੁੱਖ ਨੂੰ ਆਪਣੇ ਸਮੇਂ ਦੇ ਹਾਣ ਦਾ ਹੋ ਕੇ ਚੱਲਣ ਦੀ ਪ੍ਰੇਰਨਾ ਦਿੱਤੀ। ਕਬੀਰ ਹੀ ਜਿਸ ਵੇਲੇ ਇਸ ਸੰਸਾਰ ਵਿੱਚ (1398ਈ.) ਆਏ ਉਸ ਵੇਲੇ ਦਾ ਸਮਾਜਿਕ ਸਰੂਪ ਮਾਨਵਵਾਦੀ ਨਾ ਹੋ ਕੇ ਘੋਰ ਅਮਾਨਵੀ ਸੀ। ਕਬੀਰ ਨੇ ਸਮਾਜ ਵਿੱਚ ਫੈਲੀ ਹੋਈ ਅਰਾਜਕਤਾ,ਬੇਇਨਸਾਫ਼ੀ ਅਤੇ ਲੁੱਟ-ਖਸੁੱਟ ਦੇ ਕਾਰਨਾਂ ਦੀਂ ਖੋਜ ਕਰਕੇ ਉਨ੍ਹਾਂ ਬੁਰਾਈਆਂ ਦਾ ਡੱਟਕੇ ਵਿਰੋਧ ਕੀਤਾ ਜੋ ਸਮਾਜ ਨੂੰ ਆਪਣੇ ਜਾਲ ਵਿੱਚ ਜਕੜੀ ਬੈਠੀਆਂ ਸਨ। ਕਬੀਰ ਨੇ ਆਪ੍ਰਣੀ ਬਾਣੀ ਵਿੱਚ ਬਹੁਤ ਸਾਰੇ ਵਿਸ਼ਿਆਂ ਨੂੰ ਛੋਹਿਆ ਹੈ ਪਰ ਇੱਥੇ ਅਸੀਂ ਉਹਨਾਂ ਦੇ ਧਾਰਮਿਕ ਅਤੇ ਸਮਾਜਿਕ ਪੱਖ ਬਾਰੇ ਵਿਚਾਰ ਕਰਾਂਗੇ।

### ਕਬੀਰ ਬਾਣੀ:- ਧਾਰਮਿਕ ਪੱਖ -

ਕਬੀਰ ਦੀ ਧਾਰਮਿਕ ਚੇਤਨਾ ਦਾ ਮੂਲ ਆਧਰ ਸਵੈ-ਅਨੁਭੂਤੀ ਹੈ। ਕਬੀਰ ਹਿੰਦੂ ਅਤੇ ਮੁਸਲਿਮ ਦੋਹਾਂ ਧਰਮਾਂ ਦੀਆਂ ਰੂੜ੍ਹ ਸਾਧਨਾ ਵਿਧੀਆਂ ਦੇ ਵਿਰੋਧੀ ਸਨ। ਕਬੀਰ ਦਾ ਮੁੱਖ ਉਦੇਸ਼ ਮਨੁੱਖਤਾ ਦਾ ਕਲਿਆਣ ਕਰਨਾ ਸੀ। ਮੁਨੱਖਤਾ ਦੇ ਕਲਿਆਣ ਲਈ ਉਹਨਾਂ ਨੇ ਜੋ ਕੁਝ ਉਚਿਤ ਸਮਝਿਆ ਲਾਗੂ ਕਰਕੇ ਉਸ ਦੀ ਉਪਯੋਗਤਾ ਨੂੰ ਸਪੱਸ਼ਟ ਕੀਤਾ। ਕਬੀਰ ਦਾ ਸਾਰਾ ਜੀਵਨ ਅਧਿਆਤਮਿਕ ਸਾਧਨਾ ਵਿੱਚ ਬੀਤਿਆ। ਉਹਨਾਂ ਨੇ ਸਦਾ ਸਚਾਈ ਤੱਕ ਪਹੁੰਚਣ ਦਾ ਯਤਨ ਕੀਤਾ,ਜੋ ਸਰਲ ਵੀ ਸੀ ਤੇ ਗ੍ਰਹਿਣ ਕਰਨ ਯੋਗ ਵੀ ਸੀ। ਕਬੀਰ ਨੇ ਹਿੰਦੂ ਧਰਮ ਦੇ ਪੁਜਾਰੀਆਂ ਦੇ ਕਰਮ-ਕਾਡਾਂ ਵੱਲ ਇਸ਼ਾਰਾ ਕਰਦਿਆਂ ਕਿਹਾ ਹੈ ਕਿ ਜੋ ਪੱਥਰਾਂ ਨੂੰ ਪੂਜਦੇ ਹਨ ਉਹ ਸੇਵਾ ਵਿਅਰਥ ਜਾਂਦੀ ਹੈ। ਪੱਥਰ ਪੂਜਾ ਵਿਅਰਥ ਹੈ.........

ਜੋ ਪਾਥਰ ਕਉ ਕਹਤੇ ਦੇਵ॥
ਤਾ ਕੀ ਬਿਰਥਾ ਹੋਵੈ ਸੇਵ॥
ਜੋ ਪਾਥਰ ਕੀ ਪਾਂਈ ਪਾਇ॥
ਤਿਸ ਕੀ ਘਾਲ ਅਜਾਂਈ ਜਾਇ॥੧॥
ਠਾਕੁਰ ਹਮਰਾ ਸਦਾ ਬੋਲੰਤਾ॥
ਸਰਬ ਜੀਆਂ ਕਉ ਪ੍ਰਭੁ ਦਾਨ ਦੇਤਾ ॥੧॥ ਰਹਾਉ॥
ਅੰਤਰਿ ਦੇਉ ਨਾ ਜਾਨੈ ਅੰਧੁ॥
ਭ੍ਰਮ ਕਾ ਮੋਹਿਆ ਪਾਵੈ ਫੰਧੁ॥
ਨਾ ਪਾਥਰ ਬੋਲੈ ਨ ਕਿਛੁ ਦੇਇ॥
ਫੋਕਟ ਕਰਮ ਨਿਹਫਲ ਹੈ ਸੇਵ॥[1]